ਦਫ਼ਤਰ ਜ਼ਿਲ੍ਹਾ ਚੋਣ ਅਫ਼ਸਰ, ਬਠਿੰਡਾ
OFFICE DISTRICT ELECTION OFFICER. BATHINDA
(Room No. 303, 2nd Floor Mini Secretariat)
No. 0164-2211022 E-mail :-etbtd@punjab.gov.in

ਵੱਲ,

**ਸਮਾਂ ਬੱਧ / ਅਤਿ ਜ਼ਰੂਰੀ**

ਸਬੰਧਤ ਵਿਭਾਗਾਂ ਦੇ ਮੁੱਖੀ,
ਜਿਲ੍ਹਾ ਬਠਿੰਡਾ।

ਪੱਤਰ ਨੰ. ਚੋਣ – 2024 / 3848
ਮਿਤੀ - 13/05/2024

ਵਿਸ਼ਾ- **ਲੋਕ ਸਭਾ ਚੋਣਾਂ -2024 – ਗਰਭਵਤੀ ਔਰਤਾਂ ਅਤੇ ਛੋਟੇ ਬੱਚਿਆ ਦੀਆਂ ਮਾਵਾਂ ਨੂੰ ਚੋਣ ਡਿਊਟੀ ਤੋਂ ਛੋਟ ਦੇਣ ਲਈ ਦਸਤਾਵੇਜ ਜਮ੍ਹਾਂ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਵੱਲੋਂ ਚੋਣਾਂ ਦੌਰਾਨ ਗਰਮੀ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ, ਜੋ ਮਹਿਲਾ ਮੁਲਾਜਮ ਗਰਭਵਤੀ ਹਨ ਜਾਂ ਜਿਨ੍ਹਾਂ ਦਾ ਬੱਚਾ 1 ਸਾਲ 6 ਮਹੀਨੇ ਤੋਂ ਛੋਟਾ ਹੈ, ਨੂੰ ਚੋਣ ਡਿਊਟੀ ਤੇ ਛੋਟ ਦੇਣ ਲਈ ਵਿਚਾਰ ਕੀਤਾ ਜਾਣਾ ਹੈ। ਇਸ ਤੋਂ ਪਹਿਲਾ ਵੀ ਇੱਕ ਸਾਲ ਦੀ ਉਮਰ ਤੋਂ ਛੋਟੇ ਬੱਚਿਆਂ ਦੀਆਂ ਮਾਵਾਂ ਅਤੇ ਛੇ ਮਹੀਨੇ ਦੀ ਅਵਧੀ ਤੋਂ ਵੱਧ ਸਮੇਂ ਦੀ ਗਰਭਵਤੀ ਮਹਿਲਾ ਮੁਲਾਜਮਾ ਨੂੰ ਚੋਣ ਡਿਊਟੀ ਤੋਂ ਛੋਟ ਦਿੱਤੀ ਜਾ ਚੁੱਕੀ ਹੈ। ਜਿਨ੍ਹਾ ਮਹਿਲਾ ਮੁਲਾਜਮਾਂ ਦੁਆਰਾ ਪਹਿਲਾ ਹੀ ਬੇਨਤੀ ਪੱਤਰ ਦਿੱਤਾ ਜਾ ਚੁੱਕਾ ਹੈ, ਉਹਨਾਂ ਵੱਲੋ ਵਖਰੇ ਤੌਰ ਤੇ ਅਪਲਾਈ ਕਰਨ ਦੀ ਲੋੜ ਨਹੀ ਹੈ।

ਉਕਤ ਅਨੁਸਾਰ ਆਪ ਨੂੰ ਲਿਖਿਆ ਜਾਂਦਾ ਹੈ ਕਿ ਜੋ ਮਹਿਲਾ ਮੁਲਾਜਮ ਗਰਭਵਤੀ ਹਨ ਜਾਂ ਜਿਨ੍ਹਾਂ ਦਾ ਬੱਚਾ 1 ਸਾਲ 6 ਮਹੀਨੇ ਤੋਂ ਛੋਟਾ ਹੈ, ਦਾ ਰਿਕਾਰਡ/ਸਰਟੀਫਿਕੇਟ ਸੰਕਲਿਤ ਕਰਕੇ ਮਿਤੀ 14.05.2024 ਸਮਾਂ 12:00 ਵਜੇ ਤੱਕ ਇਸ ਦਫਤਰ ਦੇ ਕਮਰਾਂ ਨੰ 213 ਵਿਖੇ ਜਮ੍ਹਾਂ ਕਰਵਾਉਣਾ ਯਕੀਨੀ ਬਣਾਇਆ ਜਾਵੇ, ਤਾਂ ਜੋ ਲੋੜੀਦੇ ਚੋਣ ਅਮਲੇ ਦੀ ਪੂਰਤੀ ਉਪਰੰਤ ਚੋਣ ਡਿਊਟੀ ਤੋਂ ਛੋਟ ਦੇਣ ਦੀ ਪ੍ਰੀਕ੍ਰਿਆ ਕੱਲ ਸ਼ਾਮ ਤੱਕ ਮੁਕੰਮਲ ਕੀਤੀ ਜਾ ਸਕੇ।

ਵਿਭਾਗ/ਦਫਤਰ ਵੱਲੋਂ ਭੇਜੇ ਜਾਣ ਵਾਲੇ ਦਸਤਾਵੇਜ਼ -

1. ਮੁਲਾਜਮ ਦਾ ਡਿਊਟੀ ਆਰਡਰ
2. ਗਰਭਵਤੀ ਮਹਿਲਾ ਮੁਲਾਜਮ - (ਮੈਡੀਕਲ ਰਿਪੋਰਟ)
3. 1 ਸਾਲ 6 ਮਹੀਨੇ ਦੇ ਬੱਚੇ ਦੀਆਂ ਮਾਵਾਂ - (ਬੱਚੇ ਦਾ ਜਨਮ ਸਰਟੀਫਿਕੇਟ )

ਨੋਟ - ਕੇਵਲ ਵਿਭਾਗ/ ਦਫਤਰਾਂ ਰਾਹੀ ਹੀ ਰਿਪੋਰਟ ਸੰਕਲਿਤ ਕਰਕੇ ਇਸ ਦਫਤਰ ਵਿਖੇ ਭੇਜੀ ਜਾਵੇ। ਕੋਈ ਵੀ ਮਹਿਲਾ ਮੁਲਾਜਮਾਂ ਨੂੰ ਨਿੱਜੀ ਪੱਧਰ ਤੇ ਰਿਕਾਰਡ ਪੇਸ਼ ਕਰਨ ਲਈ ਨਾ ਭੇਜਿਆ ਜਾਵੇ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਨਿਰਧਾਰਿਤ ਮਿਤੀ ਅਤੇ ਸਮੇਂ ਤੋਂ ਬਾਅਦ ਇਸ ਦਫਤਰ ਨੂੰ ਕੋਈ ਵੀ ਪ੍ਰਤੀ ਬੇਨਤੀ ਨਾ ਭੇਜੀ ਜਾਵੇ।

ਵਧੀਕ ਜ਼ਿਲ੍ਹਾ ਚੋਣ ਅਫ਼ਸਰ
ਬਠਿੰਡਾ

ਪਿੱਠ ਅੰਕਣ ਨੰ. ਚੋਣ-2024/ 3849-50 ਮਿਤੀ : 13/05/2024
ਉਪਰੋਕਤ ਦਾ ਇਕ ਉਤਾਰਾ:-

1. ਪੀ. ਏ. ਟੂ ਡਿਪਟੀ ਕਮਿਨਸ਼ਨਰ, ਬਠਿੰਡਾ ਪਾਸ ਸੂਚਨਾ ਹਿਤ।
2. ਸਟੈਨੋ ਟੂ ਵਧੀਕ ਡਿਪਟੀ ਕਮਿਸ਼ਨਰ, ਬਠਿੰਡਾ ਪਾਸ ਸੂਚਨਾ ਹਿਤ।

ਵਧੀਕ ਜ਼ਿਲ੍ਹਾ ਚੋਣ ਅਫ਼ਸਰ
ਬਠਿੰਡਾ

ਤਰਨਾਪੀ/1-2

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਪਟਿਆਲਾ

ਪੱਤਰ ਅੰਕਣ ਨੰ. ਈ-5/1/1/2024/ 5078 ਮਿਤੀ: 13/5/24

ਉਕਤ ਦਾ ਉਤਾਰਾ ਸਬੰਧਤ ਸਕੂਲ ਮੁੱਖੀਆਂ ਨੂੰ, ਏਕਮ ਸਿੱਖਿਆ ਅਫਸਰਾਂ ਨੂੰ ਭੇਜੀ ਜੈ। ਤੇ ਤੁਰੰਤ ਆਪ ਦੇ ਸਕੂਲ ਦੀ ਜੋ ਵੀ ਰਜਨਕਾਰਣ ਰਹਿ ਗਈ ਹੈ ਤਾਂ ਉਹ ਆਪਣਾ ਵਿਚਾਰ ਸਹਿਤ। ਪੱਤਰ, ਦਫਤਰ ਜ਼ਿਲ੍ਹਾ ਸਿੱਖਿਆ ਅਫਸਰ ਸੈ.ਸਿ ਪਟਿਆਲਾ ਵਿਖੇ ਮਿਤੀ: 14/5/24 ਨੂੰ ਸਵੇਰੇ 9.00 ਵਜੇ ਸਵੇਰੇ ਤੱਕ ਰਹਿਣਾ ਦਾ ਸਪੈਸ਼ਲ ਆਰਡਰ ਇਸ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ ਨਿਰਧਾਰਿਤ ਸਮੇਂ ਤੇ ਬਾਅਦ ਭੇਜੀ ਕੀ ਪ੍ਰਤੀਕਿਰਤੀ ਸਵੀਕਾਰੀ ਨਹੀਂ ਜਾਵੇਗੀ।

13/5/24

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪਟਿਆਲਾ